**Series SHC/1**

Roll No.
ਰੋਲ ਨੰ.

**Code No. 4/1**

- Please check that this question paper contains 4 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 15 questions.
- **Please write down the Serial Number of the question before attempting it.**

www.examrace.com

# PUNJABI
# ਪੰਜਾਬੀ

*Time allowed : 3 hours*
*ਸਮਾ ਸੀਮਾਂ : 3 ਘੰਟੇ*

*Maximum marks : 100*
*ਪੂਰਨ ਅੰਕ : 100*

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ : 10

"ਜੁੱਗਾਂ-ਜੁੱਗਾਂ ਵਿੱਚ ਸੰਤ-ਮਹਾਤਮਾਵਾਂ ਨੇ ਹੋਕਾ ਦਿੱਤਾ ਹੈ ਕਿ ਪ੍ਰਮਾਤਮਾ ਦਇਆ ਦਾ ਸਾਗਰ ਹੈ – ਉਹਦੀ ਦਿਆਲਤਾ ਦਾ ਕੋਈ ਪਾਰਾਵਾਰ ਨਹੀਂ। ਇਨਸਾਨ ਨੇ ਮੰਗ-ਮੰਗ ਕੇ ਥੱਕ ਜਾਣਾ ਹੈ, ਪਰ ਉਸਨੇ ਦਿੰਦੇ ਹੋਏ ਨਹੀਂ ਥੱਕਣਾ। ਉਹਦੇ ਭੰਡਾਰ ਅਖੁੱਟ ਹਨ। ਕੋਈ ਅਜਿਹੀ ਵਸਤ ਨਹੀਂ ਜਿਹੜੀ ਉਸ ਦੇ ਭੰਡਾਰ ਵਿਚੋਂ ਨਾ ਮਿਲ ਸਕੇ। ਫਿਰ ਵੀ ਦੁਨੀਆਂ ਵਿੱਚ ਕੋਈ ਜੀਵ ਅਜਿਹਾ ਨਹੀਂ ਜਿਸਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਹੋ ਗਈਆਂ ਹੋਣ। ਕੀ ਕਾਰਨ ਹੈ ਕਿ ਇਕ ਪਾਸੇ ਅਸੀਂ ਕਹਿੰਦੇ ਹਾਂ ਕਿ ਪ੍ਰਮਾਤਮਾ ਦੇ ਘਰ ਵਿੱਚ ਕਿਸੇ ਚੀਜ਼ ਦੀ ਥੁੜ ਨਹੀਂ ਅਤੇ ਦੂਜੇ ਪਾਸੇ ਕਹਿੰਦੇ ਹਾਂ ਕਿ ਕੋਈ ਵੀ ਜੀਵ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ। ਕਾਰਨ ਇਹ ਹੈ ਕਿ ਅਸੀਂ ਪ੍ਰਮਾਤਮਾ ਦੀ ਰਚਨਾ ਦਾ ਸਾਰਾ ਨਜ਼ਾਰਾ ਇਕੱਠਾ ਇੱਕੋ ਨਜ਼ਰ ਨਾਲ ਨਹੀਂ ਵੇਖ ਸਕਦੇ। ਅਸੀਂ ਸਿਰਫ ਅੱਖਾਂ ਸਾਹਮਣੇ ਆਉਣ ਵਾਲੀਆਂ ਚੀਜ਼ਾਂ ਹੀ ਵੇਖ ਸਕਦੇ ਹਾਂ। ਅਸੀਂ ਸਾਰੇ ਬ੍ਰਹਿਮੰਡ ਨੂੰ ਇੱਕੋ ਨਜ਼ਰ ਨਾਲ ਨਹੀਂ ਵੇਖ ਸਕਦੇ। ਸਾਨੂੰ ਲੋਕਾਂ ਦੇ ਅਤੇ ਆਪਣੇ ਪਿਛਲੇ ਜਨਮਾਂ ਦਾ ਪਤਾ ਨਹੀਂ ਹੁੰਦਾ।"

(ੳ) ਉੱਪਰ ਦਿੱਤੇ ਪੈਰੇ ਨੂੰ ਸਿਰਲੇਖ ਦਿਓ।

(ਅ) ਜੀਵ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਕਿਉਂ ਨਹੀਂ ਹੁੰਦੀਆਂ ?

(ੲ) ਪ੍ਰਮਾਤਮਾ ਦਇਆ ਦਾ ਸਾਗਰ ਕਿਵੇਂ ਹੈ ?

(ਸ) 'ਅਖੁੱਟ ਭੰਡਾਰ' ਦਾ ਕੀ ਅਰਥ ਹੈ ?

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪਰ 200 ਸ਼ਬਦਾਂ ਵਿੱਚ ਲੇਖ ਲਿਖੋ : 10

(ੳ) ਵੱਧ ਰਹੀ ਆਬਾਦੀ।

(ਅ) ਮਿੱਠਾ ਬੋਲਣ ਦਾ ਮਹਤੱਵ।

(ੲ) ਸਮੇਂ ਦੀ ਕਦਰ।

(ਸ) ਨਸ਼ੇ ਦੀ ਆਦਤ।

3. ਅੱਖੀਂ ਵੇਖੀ ਕਿਸੇ ਦੁਰਘਟਨਾ ਦਾ 125 ਸ਼ਬਦਾਂ ਵਿੱਚ ਵਿਵਰਣ ਪੇਸ਼ ਕਰੋ। 7

4. ਦਹੇਜ ਦੀ ਬਲੀ ਚੜ੍ਹਦੀਆਂ ਹੋਈਆਂ ਕੁੜੀਆਂ ਦੀ ਸਮੱਸਿਆ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ 125 ਸ਼ਬਦਾਂ ਵਿੱਚ ਚਿੱਠੀ ਲਿਖੋ। 8

5. ਪਿੰਗਲ ਵਿੱਚ 'ਯਤਿ' ਦਾ ਕੀ ਅਰਥ ਹੈ ? 4

6. ਅਨੁਪ੍ਰਾਸ ਅਲੰਕਾਰ ਨੂੰ ਪਰਿਭਾਸ਼ਿਤ ਕਰੋ ਤੇ ਉਦਾਹਰਨਾਂ ਦਿਓ। 4

7. ਹੇਠ ਲਿਖੇ ਵਾਕਾਂ ਦੀ ਵਾਕ-ਵੰਡ ਕਰੋ । 4

(ਅ) ਮੇਰਾ ਭਰਾ ਨਵੇਂ ਮੋਬਾਈਲ ਫੋਨ ਵੇਚਦਾ ਹੈ।

(ੲ) ਉਸ ਦੀ ਭਰਜਾਈ ਨੇ ਨਵੇਂ ਕਪੜੇ ਪਾਏ ਹਨ।

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : 3

(ੳ) ਅਨੰਦ ਬੜਾ ਆਉਂਦਾ ਹੈ ਅੰਮ੍ਰਿਤ ਵੇਲੇ ਕਰਨ ਦਾ ਸੈਰ।

(ਅ) ਅਸੀਂ ਅਖਾਂ ਨਾਲ ਸੁਣਦੇ ਅਤੇ ਕੰਨਾਂ ਨਾਲ ਵੇਖਦੇ ਹਾਂ।

(ੲ) ਤੂੰ ਨੇ ਅੱਜ ਦੀ ਅਖ਼ਬਾਰ ਪੜ੍ਹੀ ਸੀ।

9. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ **ਇੱਕ** ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : 2+2+2+2=8

ਮੇਰੇ ਹੱਡ ਤਾਣ ਨਾਹੀਂ,
ਸਕਾਂ ਨਾ ਖੜੋਇ ਪੈਰੀਂ,
ਖੜੀ ਸੱਜਣ ਆਸਰੇ ਹਾਂ,
ਅਬਲਾ ਮੈਂ ਅਮਾਪੀਆਂ।

(ੳ) ਕਾਵਿ-ਟੁਕੜੀ ਦਾ ਪ੍ਰਸੰਗ ਦਸੋ।

(ਅ) ਕਾਵਿ-ਟੁਕੜੀ ਦੀ ਵਿਆਖਿਆ ਕਰੋ।

www.examrace.com

(ੲ) ਇਸ ਕਾਵਿ-ਟੁਕੜੀ ਦੀ ਵਿਲੱਖਣਤਾ ਬਾਰੇ ਚਰਚਾ ਕਰੋ।

(ਸ) 'ਅਬਲਾ ਮੈਂ ਅਮਾਪੀਆਂ' ਤੋਂ ਕੀ ਭਾਵ ਹੈ।

ਜਾਂ

ਕੀ ਉਹ ਹੁਸਨ ਹੁਸਨ ਹੈ ਸਚਮੁੱਚ
ਜਾਂ ਉਂਜੇ ਹੀ, ਛਲਦਾ
ਲੱਖ ਗ਼ਰੀਬਾਂ ਮਜ਼ਦੂਰਾਂ ਦੇ
ਹੰਝੂਆਂ ਤੇ ਜੋ ਪਲਦਾ ?

(ੳ) ਕਵੀ ਨੇ ਮਜ਼ਦੂਰਾਂ ਮਜ਼ਦੂਰਨੀਆਂ ਦੀ ਕਿਸ ਤਰ੍ਹਾਂ ਦੀ ਦਸ਼ਾ ਚਿੱਤਰੀ ਹੈ ?

(ਅ) ਗ਼ਰੀਬਾਂ ਮਜ਼ਦੂਰਾਂ ਦੇ ਹੰਝੂਆਂ ਉੱਤੇ ਪਲਣ ਵਾਲਾ ਹੁਸਨ ਹੁਸਨ ਕਿਉਂ ਨਹੀਂ ਹੈ ?

(ੲ) ਕਾਵਿ-ਟੁਕੜੀ ਦਾ ਪ੍ਰਸੰਗ ਦਸੋ।

(ਸ) ਕਾਵਿ-ਟੁਕੜੀ ਦੀ ਵਿਆਖਿਆ ਕਰੋ।

**10.** ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਜਨਮ-ਜਲੀ' ਦਾ ਭਾਵ ਦੱਸੋ ? 7

ਜਾਂ

ਬਾਵਾ ਬਲਵੰਤ ਦੀ ਰਚਨਾ 'ਤੇਰਾ ਇੱਕ ਦਿਲ ਹੈ ਜਾਂ ਦੋ' ਦੀ ਵਿਆਖਿਆ ਕਰੋ।

**11.** ਹੇਠ ਦਿੱਤੇ ਦੋਹਾਂ ਕਥਾ-ਅੰਸ਼ਾਂ ਵਿੱਚੋਂ ਕਿਸੇ **ਇੱਕ** ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ। 2+3=5

(i) ''ਜਦੋਂ ਦੇ ਮੰਹਿਗੀ ਦੇ ਆਪਣੇ ਬਾਲ ਹੋਏ ਸਨ, ਉਹ ਬਾਰੂ ਨੂੰ ਕੁਛ ਓਪਰਾ ਓਪਰਾ ਜਾਨਣ ਲਗ ਪਈ, ਭਾਵੇਂ ਬਾਰੂ ਦੀ ਮਿਹਨਤ ਨਾਲ ਉਸ ਦੇ ਆਪਣੇ ਬੱਚੇ ਪਲਦੇ ਸਨ। ਆਖਣ ਲੱਗੀ, 'ਕਿਥੋਂ ਲਿਆਵਾਂ, ਸਾੜਾਂ ? ਪੈਸੇ ਬਿਨਾ ਕੁਝ ਇਸ ਦੇਸ਼ ਮਿਲਦਾ ਹੈ ?''

(ੳ) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਰਚਨਾ ਵਿੱਚੋਂ ਹੈ ?

(ਅ) ਇਹ ਕਥਾ-ਅੰਸ਼ ਕਾਮਿਆਂ ਦੀ ਕਿਸ ਸਥਿਤੀ ਨੂੰ ਪੇਸ਼ ਕਰਦਾ ਹੈ ?

(ii) ਖੰਭ ਤਾ ਫੇਰ ਤੂੰ ਹੀ ਲਾ ਲੂ ਦੇ। ਮੈਂ ਤਾਂ ਤੂੰ ਆਪ ਸਿਆਣੈ ਪਹਿਲੀ ਵਾਰ ਕਚਹਰੀ ਚੜ੍ਹਿਆਂ। ਮੈਨੂੰ ਤਾਂ ਲਾਉਣੇ ਆਉਂਦੇ ਨਹੀਂ।

(ੳ) ਇਸ ਕੱਥਾ-ਅੰਸ਼ ਦੇ ਲੇਖਕ ਤੇ ਉਸਦੀ ਰਚਨਾ ਦਾ ਨਾਂ ਲਿਖੋ।

(ਅ) ਖੰਭ ਲਾਉਣੇ ਬਾਰੇ ਸਮਝਾਓ।

www.examrace.com

12. ਰਾਮ ਸਰੂਪ ਅਣਖੀ ਦੀ ਕਹਾਣੀ 'ਅੰਨੀ ਮਾਂ ਦਾ ਪੁੱਤ' ਬਾਰੇ ਆਪਣੇ ਵਿਚਾਰ ਪੇਸ਼ ਕਰੋ। 5

ਜਾਂ

ਅਜੀਤ ਕੌਰ ਦੀ ਕਹਾਣੀ ਦੇ ਮੁੱਖ ਪਾਤਰ ਦੇ ਚਰਿਤਰ ਬਾਰੇ ਚਰਚਾ ਕਰੋ।

13. ਹੇਠ ਦਿੱਤੇ ਵਾਰਤਾਲਾਪਾਂ ਦੇ ਅੰਸ਼ਾ ਵਿੱਚੋਂ ਕਿਸੇ **ਇੱਕ** ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : 8

"ਤੁਸੀਂ ਮੰਦ ਭਾਵਨਾ ਨਾਲ ਉਹਨੂੰ ਕੱਢਣ ਤੇ ਤੁਲੇ ਹੋਇ ਓ ਤਾਂ ਜੋ ਮੇਰੀ ਦਾਦ ਫਰਿਆਦ ਸੁਣਨ ਵਾਲਾ ਕੋਈ ਨਾ ਰਹੇ। ਅਜਿਹੀ ਆਗਿਆਕਾਰ ਸੇਵਿਕਾ ਮਿਲਣੀ ਕਠਨ ਹੈ। ਅੰਦਰਖਾਤੇ ਤੁਸੀਂ ਵੀ ਇਸ ਗਲ ਨੂੰ ਜਾਣਦੇ ਹੋ।"

(ੳ) ਇਹ ਵਾਰਤਾਲਾਪ ਅੰਸ਼ ਕਿਸ ਦੀ ਕਿਸ ਰਚਨਾ ਵਿੱਚੋਂ ਹੈ ?

(ਅ) ਕੌਣ ਕਿਸ ਦੀ ਮੰਦ ਭਾਵਨਾ ਦੀ ਗਲ ਕਰਦਾ ਹੈ ?

(ੲ) 'ਆਗਿਆਕਾਰ ਸੇਵਕਾ' ਬਾਰੇ ਦੋਹਾਂ ਦੀ ਵੱਖਰੀ-ਵੱਖਰੀ ਸੋਚ ਕਿਉਂ ਹੈ ?

(ਸ) ਕੀ ਵਾਰਤਾਲਾਪ-ਅੰਸ਼ ਦੀ ਤਲਖੀ ਦਾ ਕਾਰਨ ਕੇਵਲ ਸੇਵਕਾ ਹੈ ਜਾਂ ਕੋਈ ਹੋਰ, ਸਪਸ਼ਟ ਕਰੋ।

ਜਾਂ

"ਕੰਵਲ ਬੇਟਾ, ਮੈਂ ਖ਼ੁਸ਼ੀ ਖ਼ੁਸ਼ੀ ਜਾ ਰਹੀ ਹਾਂ। ਬੁਢਾਪੇ ਨੇ ਜੁਆਨੀ ਨੂੰ ਸਹਾਰਾ ਦੇਣਾ ਹੈ ਨਾ ਕਿ ਉਸਦਾ ਰਾਹ ਰੋਕਣਾ ਏ। ਮੈਂ ਆਧੁਨਿਕ ਜੁਗ ਦੇ ਸੰਨਿਆਸ ਆਸ਼ਰਮ ਵਿੱਚ ਖ਼ੁਸ਼ੀ ਨਾਲ ਪ੍ਰਵੇਸ਼ ਕਰ ਰਹੀ ਹਾਂ।"

(ੳ) ਇਹ ਵਾਰਤਾਲਾਪ ਅੰਸ਼ ਕਿਸ ਦੀ ਕਿਸ ਰਚਨਾ ਵਿੱਚੋਂ ਹੈ ?

(ਅ) ਕੌਣ ਕਿਸ ਕੋਲੋਂ ਖ਼ੁਸ਼ੀ ਖ਼ੁਸ਼ੀ ਜਾ ਰਿਹਾ ਹੈ ?

(ੲ) ਕੀ ਬੁਢਾਪੇ ਦਾ ਜਵਾਨੀ ਨੂੰ ਸਹਾਰਾ ਦੇਣ ਦਾ ਇੱਕੋ ਤਰੀਕਾ ਜਾਣਾ ਹੈ ? 40-50 ਸ਼ਬਦਾਂ ਵਿੱਚ ਲਿਖੋ।

(ਸ) ਸੰਨਿਆਸ ਆਸ਼ਰਮ ਵਿੱਚ ਜਾ ਕੇ, ਜਾਣ ਵਾਲਾ ਪਾਤਰ ਕੀ ਕਰੇਗਾ ?

14. 'ਸ਼ੋਭਾ ਸ਼ਕਤੀ' ਨਾਟਕ ਵਿੱਚ ਇਸਤਰੀ ਨੂੰ ਤਿੰਨ ਰੂਪਾਂ ਵਿੱਚ ਪੇਸ਼ ਕੀਤਾ ਗਿਆ ਹੈ – ਪੁੱਤਰੀ, ਪਤਨੀ ਅਤੇ ਮਾਂ। ਇਸ ਬਾਰੇ ਚਰਚਾ ਕਰੋ। 7

ਜਾਂ

ਰਮੇਸ਼ ਦੇ ਚਰਿਤਰ ਬਾਰੇ ਚਰਚਾ ਕਰੋ।

15. ਪੰਜਾਬੀ ਸਾਹਿਤ ਦੇ ਆਦਿ ਕਾਲ ਬਾਰੇ ਵਿਚਾਰ ਪੇਸ਼ ਕਰੋ। 10

ਜਾਂ

ਪੰਜਾਬੀ ਨਾਵਲ ਦੇ ਵਿਕਾਸ ਬਾਰੇ ਚਰਚਾ ਕਰੋ।

www.examrace.com